**ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ,**
**ਐਸ ਸੀ ਓ-104-106, ਸੈਕਟਰ- 34 ਏ, ਚੰਡੀਗੜ੍ਹ**
**ਫੋਨ ਨੰ: 2623207, 2621106, 2624673, ਫੈਕਸ ਨੰ: 2624687, 2323206**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ, (ਐ.ਸਿ.)
ਪੰਜਾਬ

ਮੀਮੋ ਨੂੰ : 13/3-2009/ਸਸਅ/ਐਮ.ਆਈ.ਐਸ/5% Sample checking/73411
ਮਿਤੀ : ਚੰਡੀਗੜ੍ਹ 23 ਅਕਤੂਬਰ, 2009

**ਵਿਸ਼ਾ:** **5% Sample checking ਸਰਵੇ 2009-10 ਸਬੰਧੀ।**

1. ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਡਾਈਜ ਸਰਵੇ ਅਧੀਨ ਪੰਜਾਬ ਵਿਚ ਚੱਲ ਰਹੇ ਸਾਰੇ ਸਰਕਾਰੀ ਅਤੇ ਗੈਰ ਸਰਕਾਰੀ ਸਕੂਲਾਂ ਤੋਂ ਡਾਟਾ ਇਕੱਤਰ ਕੀਤਾ ਜਾ ਰਿਹਾ ਹੈ।

2. ਇਸ ਡਾਈਜ ਡਾਟਾ ਦੀ ਗੁਣਵੱਤਾ ਦੀ ਜਾਂਚ ਲਈ ਮੁਖ ਦਫਤਰ ਵਲੋਂ ਦਿੱਲੀ ਸਥਿਤ ਪ੍ਰਾਈਵੇਟ ਫਰਮ (Center for Research Planning & Action) ਹਾਇਰ ਕੀਤੀ ਗਈ ਹੈ। ਇਸ ਫਰਮ ਦੇ ਅਧਿਕਾਰੀ ਆਪ ਜੀ ਦੇ ਜਿਲ੍ਹੇ ਅਧੀਨ ਆਉਂਦੇ ਕੁਝ ਸਕੂਲਾਂ ਦਾ ਸਰਵੇਖਣ ਕਰਣਗੇ।

3. ਸਕੂਲਾਂ ਵਲੋਂ ਇਸ ਫਰਮ ਦੇ ਅਧਿਕਾਰੀਆਂ ਨੂੰ ਲੋੜੀਂਦੀ ਜਾਣਕਾਰੀ ਸਹੀ ਅਤੇ ਸਕੂਲ ਦੇ ਰਿਕਾਰਡ ਅਨੁਸਾਰ ਦਿੱਤੀ ਜਾਵੇ।

4. ਇਸ ਗੱਲ ਦਾ ਖਾਸ ਧਿਆਨ ਰੱਖਿਆ ਜਾਵੇ ਕਿ ਜਿਲ੍ਹੇ, ਬਲਾਕ ਜਾਂ ਸਕੂਲ ਵਲੋਂ ਇਨ੍ਹਾਂ ਅਧਿਕਾਰੀਆਂ ਨੂੰ ਕਿਸੇ ਪ੍ਰਕਾਰ ਦੀ ਕੋਈ ਵੀ ਵਿੱਤੀ ਸਹਾਇਤਾ ਨਾ ਦਿੱਤੀ ਜਾਵੇ।

5. ਜੇਕਰ ਕੋਈ ਵੀ ਅਜਿਹਾ ਅਧਿਕਾਰੀ ਕਿਸੇ ਪ੍ਰਕਾਰ ਦੀ ਵਿੱਤੀ ਸਹਾਇਤਾ ਜਾਂ ਪੈਸੇ ਦੀ ਮੰਗ ਕਰਦਾ ਹੈ ਤਾਂ ਇਸ ਸਬੰਧੀ ਨਿਮਨ ਹਸਤਾਖਰੀ ਨੂੰ ਮੋਬਾਇਲ ਨੰਬਰ 9872765300 ਤੇ ਤੁਰੰਤ ਸੂਚਿਤ ਕੀਤਾ ਜਾਵੇ।

6. ਇਸ ਪੱਤਰ ਦੀ ਇੱਕ ਕਾਪੀ ਸਬੰਧਤ ਬਲਾਕਾਂ ਅਤੇ ਸਕੂਲਾਂ ਨੂੰ ਭੇਜ ਦਿੱਤੀ ਜਾਵੇ।

**ਡਿਪਟੀ ਮੈਨੇਜਰ (ਐਮ.ਆਈ.ਐਸ.)**